# IBAC ਬਾਰੇ

www.ibac.vic.gov.au

Punjabi

ਜੇਕਰ ਤੁਸੀਂ ਇਹ ਉਮੀਦ ਕਰਦੇ ਹੋ ਕਿ ਸਰਕਾਰੀ ਖੇਤਰਾਂ ਦੇ ਮੁਲਾਜ਼ਮ ਅਤੇ ਪੁਲਿਸ ਅਫਸਰ ਨਿਜੀ ਹਿਤਾਂ, ਲਾਲਚ ਅਤੇ ਅਪਰਾਧਕ ਇਰਾਦਿਆਂ ਤੋਂ ਪ੍ਰਭਾਵਿਤ ਹੋਏ ਬਿਨਾਂ ਤੁਹਾਡੇ ਸਰਬੋਤਮ ਹਿਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਕੰਮ ਕਰਨ, ਤਾਂ ਤੁਸੀਂ ਸਹੀ ਹੋ। ਸਰਕਾਰੀ ਖੇਤਰ ਵਿੱਚ ਤੁਹਾਡੇ ਭਰੋਸੇ ਨੂੰ ਬਣਾਏ ਰੱਖਣ ਵਿੱਚ ਮਦਦ ਦੇਣ ਲਈ, IBAC ਭ੍ਰਿਸ਼ਟਾਚਾਰ ਅਤੇ ਪੁਲਿਸ ਵਲੋਂ ਕੀਤੇ ਦੁਰਾਚਾਰ ਦੇ ਅਜਿਹੇ ਮਾਮਲਿਆਂ ਨੂੰ ਰੋਕਣ ਅਤੇ ਇਨ੍ਹਾਂ ਦਾ ਪਰਦਾਫਾਸ਼ ਕਰਨ ਲਈ ਕੰਮ ਕਰਦਾ ਹੈ ਜਿਨ੍ਹਾਂ ਕਰਕੇ ਲੋਕਾਂ ਦੇ ਪੈਸਿਆਂ ਦਾ ਨੁਕਸਾਨ ਹੁੰਦਾ ਹੈ ਅਤੇ ਜ਼ਿੰਦਗੀਆਂ ਬਰਬਾਰ ਹੁੰਦੀਆਂ ਹਨ।

## IBAC ਵਿਕਟੋਰੀਆ ਦੀ ਭ੍ਰਿਸ਼ਟਾਚਾਰ-ਵਿਰੋਧੀ ਏਜੰਸੀ ਹੈ

IBAC ਦਾ ਉਦੇਸ਼ ਇੱਕ ਅਜਿਹੇ ਸਰਕਾਰੀ ਖੇਤਰ ਦੀ ਉਸਾਰੀ ਕਰਨਾ ਹੈ ਜਿਹੜਾ ਸਰਗਰਮੀ ਨਾਲ ਭ੍ਰਿਸ਼ਟਾਚਾਰ ਦਾ ਵਿਰੋਧ ਕਰਦਾ ਹੋਵੇ।

ਅਸੀਂ ਹੇਠਾਂ ਦਿੱਤੇ ਕਦਮ ਚੁੱਕ ਕੇ ਅਜਿਹਾ ਕਰਦੇ ਹਾਂ:

1. ਸਰਕਾਰੀ ਖੇਤਰ ਵਿੱਚ ਵਾਪਰਣ ਵਾਲੀਆਂ ਭ੍ਰਿਸ਼ਟਾਚਾਰ ਅਤੇ ਦੁਰਾਚਾਰ ਸੰਬੰਧੀ ਸ਼ਿਕਾਇਤਾਂ ਅਤੇ ਸੂਚਨਾਵਾਂ ਪ੍ਰਾਪਤ ਕਰਕੇ (ਇਸ ਵਿੱਚ ਪੁਲਿਸ ਵਲੋਂ ਕੀਤਾ ਦੁਰਾਚਾਰ ਅਤੇ ਸਰਕਾਰੀ ਦਫਤਰ ਵਿੱਚ ਹੋਇਆ ਦੁਰਾਚਾਰ ਸ਼ਾਮਲ ਹੈ)
2. ਭ੍ਰਿਸ਼ਟਾਚਾਰ ਅਤੇ ਦੁਰਾਚਾਰ ਦੀ ਜਾਂਚ-ਪੜਤਾਲ ਕਰਕੇ ਅਤੇ ਇਨ੍ਹਾਂ ਦਾ ਪਰਦਾਫਾਸ਼ ਕਰਕੇ, ਸੰਗੀਨ ਅਤੇ ਸੰਸਥਾਤਮਕ ਮਾਮਲਿਆਂ ਨੂੰ ਤਰਜੀਹ ਦਿੱਤੀ ਜਾਂਦੀ ਹੈ
3. ਸਰਕਾਰੀ ਖੇਤਰ, ਪੁਲਿਸ ਅਤੇ ਬਰਾਦਰੀ ਨੂੰ ਭ੍ਰਿਸ਼ਟਾਚਾਰ ਅਤੇ ਪੁਲਿਸ ਵਲੋਂ ਕੀਤੇ ਦੁਰਾਚਾਰ ਦੇ ਖਤਰਿਆਂ ਅਤੇ ਪ੍ਰਭਾਵਾਂ, ਅਤੇ ਅਜਿਹੇ ਤਰੀਕਿਆਂ ਬਾਰੇ ਦੱਸਕੇ ਜਿਨ੍ਹਾਂ ਦੀ ਵਰਤੋਂ ਨਾਲ ਇਨ੍ਹਾਂ ਨੂੰ ਰੋਕਿਆ ਜਾ ਸਕਦਾ ਹੈ।

## 1. ਭ੍ਰਿਸ਼ਟਾਚਾਰ ਦੀ ਸੂਚਨਾ ਦੇਣੀ

IBAC ਨੂੰ ਹਰ ਸਾਲ ਸਰਕਾਰੀ ਖੇਤਰ ਵਿੱਚ ਭ੍ਰਿਸ਼ਟਾਚਾਰ ਅਤੇ ਦੁਰਾਚਾਰ ਦੀਆਂ ਕਰੀਬ 5000 ਘਟਨਾਵਾਂ ਦੀ ਸੂਚਨਾ ਮਿਲਦੀ ਹੈ। ਇਹ ਸੂਚਨਾ ਭ੍ਰਿਸ਼ਟਾਚਾਰ ਦਾ ਪਰਦਾਫਾਸ਼ ਕਰਨ, ਅਤੇ ਨਾਲ ਹੀ ਸਰਕਾਰੀ ਖੇਤਰਾਂ ਵਿੱਚ ਉੱਭਰਦੇ ਰੁਝਾਨਾਂ ਅਤੇ ਖਤਰਿਆਂ ਦੀ ਪਛਾਣ ਕਰਨ ਲਈ ਵੀ ਅਹਿਮ ਹੈ।

IBAC ਹਰੇਕ ਸ਼ਿਕਾਇਤ ਦਾ ਮੁਲਾਂਕਣ ਧਿਆਨ ਨਾਲ ਕਰਦੀ ਹੈ, ਅਤੇ ਸਾਡੀ ਖੋਜ ਅਤੇ ਦੂਜਿਆਂ ਸ਼ਿਕਾਇਤਾਂ ਅਤੇ ਖੁਫੀਆ ਜਾਣਕਾਰੀ ਦੇ ਆਧਾਰ 'ਤੇ ਸੂਚਨਾ ਦੀ ਮੁੜ ਜਾਂਚ ਕਰਦੀ ਹੈ। ਫਿਰ ਅਸੀਂ ਇਹ ਫੈਸਲਾ ਲੈਂਦੇ ਹਾਂ ਕਿ ਹੇਠਾਂ ਦਿੱਤੇ ਕਦਮ ਚੁੱਕਣੇ ਚਾਹੀਦੇ ਹਨ ਜਾਂ ਨਹੀਂ:

- **ਸ਼ਿਕਾਇਤ ਨੂੰ ਰੇਫਰ ਕਰਨਾ** ਕਿਸੇ ਹੋਰ ਏਜੰਸੀ ਨੂੰ, ਜਿਵੇਂ ਕਿ ਵਿਕਟੋਰੀਆਈ ਲੋਕਪਾਲ (Victorian Ombudsman), ਵਿਕਟੋਰੀਆ ਪੁਲਿਸ (Victoria Police), ਜਾਂ ਉਹ ਏਜੰਸੀ ਜਿਸ ਬਾਰੇ ਸ਼ਿਕਾਇਤ ਕੀਤੀ ਗਈ ਸੀ। IBAC ਅਕਸਰ ਇਨ੍ਹਾਂ ਮਾਮਲਿਆਂ ਦੇ ਨਤੀਜਿਆਂ ਦੀ ਸਮੀਖਿਆ ਕਰਦੀ ਹੈ, ਤਾਂਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਇਨ੍ਹਾਂ ਦੀ ਪੂਰੀ ਤਰ੍ਹਾਂ ਅਤੇ ਉਚਿਤ ਤਰੀਕੇ ਨਾਲ ਜਾਂਚ-ਪੜਤਾਲ ਕੀਤੀ ਗਈ ਹੈ।
- **ਸ਼ਿਕਾਇਤ ਦੀ ਜਾਂਚ-ਪੜਤਾਲ ਕਰਨਾ** ਅਸੀਂ ਆਪ ਇਹ ਜਾਂਚ ਕਰਾਂਗੇ। IBAC ਇਹ ਫੈਸਲਾ ਲੈਣ 'ਦ ਮਦਦ ਲਈ ਮੁੱਢਲੀ ਪੜਤਾਲ ਕਰ ਸਕਦਾ ਹੈ।
- **ਅੱਗੇ ਕੋਈ ਹੇਰ ਕਾਰਵਾਈ ਨਾ ਕਰਨਾ।**

### IBAC ਦਾ ਹਲਕਾ – ਵਿਕਟੋਰੀਆ ਦੇ ਸਰਕਾਰੀ ਖੇਤਰ



**ਰਾਜ ਸਰਕਾਰ**

- ਵਿਭਾਗ
- ਏਜੰਸੀਆਂ/ਦਫਤਰ
- ਸਰਕਾਰੀ ਸਿਹਤ-ਦੇਖਰੇਖ ਸੇਵਾਵਾਂ
- ਸਕੂਲ
- TAFEs ਅਤੇ ਯੂਨੀਵਰਸਿਟਿਆਂ

**ਕੌਂਸਲਾਂ**

- ਕੌਂਸਲਰ
- ਕੌਂਸਲ ਦੇ ਮੁਲਾਜ਼ਮ

**ਵਿਕਰੋਟੀਆ ਪੁਲਿਸ**

- ਉਹ ਪੁਲਿਸ ਅਫਸਰ ਜਿਨ੍ਹਾਂ ਨੇ ਸਹੁੰ ਚੁੱਕੀ ਹੋਵੇ
- ਪ੍ਰੋਟੇਕਟਿਵ ਸਰਵਿਸਿਜ਼ ਅਫਸਰ (PSOs)
- ਪੁਲਿਸ ਵਿੱਚ ਭਰਤੀ ਲੋਕ
- ਪੁਲਿਸ ਕਸਟਡੀ ਅਫਸਰ
- ਮੁਲਾਜ਼ਮ

**ਸੰਸਦ**

- ਸਾਂਸਦ
- ਇਲੇਕਟੋਰੇਟ ਅਫਸਰ
- ਮੰਤਰੀ ਦੇ ਮੁਲਾਜ਼ਮ

**ਅਦਾਲਤ**

ਜਜ, ਮਜਿਸਟ੍ਰੇਟ ਅਤੇ ਹੋਰ ਅਦਾਲਤੀ ਸੰਸਥਾਵਾਂ ਦੇ ਸਦੱਸ, ਜਿਨ੍ਹਾਂ ਵਿੱਚ ਸ਼ਾਮਲ ਹਨ:

- ਸੁਪਰੀਮ ਕੋਰਟ
- ਕੰਟ੍ਰੀ ਕੋਰਟ
- ਕੋਰਨਰ ਕੋਰਟ
- ਮਜਿਸਟ੍ਰੇਟ ਕੋਰਟ
- VCAT

### ਸਰਕਾਰੀ ਖੇਤਰ ਵਿੱਚ ਭ੍ਰਿਸ਼ਟਾਚਾਰ ਦਾ ਕੀ ਮਤਲਬ ਹੈ?

ਕਿਸੇ ਸਰਕਾਰੀ ਖੇਤਰ ਦੇ ਮੁਲਾਜ਼ਮ ਦੁਆਰਾ ਧੋਖਾਧੜੀ ਕਰਨਾ, ਰਿਸ਼ਵਤ ਲੈਣੀ ਜਾਂ ਇਸਨੂੰ ਦੇਣ ਦੀ ਪੇਸ਼ਕਸ਼ ਕਰਨੀ, ਦੋਸਤਾਂ ਜਾਂ ਪਰਿਵਾਰ ਨੂੰ ਕਾਨਟਰੇਕਟ ਦੇਣੇ, ਅਤੇ ਨਿਜੀ ਲਾਭਾਂ ਲਈ ਖਾਸ ਅਧਿਕਾਰ-ਪ੍ਰਾਪਤ ਜਾਣਕਾਰੀ ਦੀ ਵਰਤੋਂ ਕਰਨੀ ਜਾਂ ਇਸਦਾ ਖੁਲਾਸਾ ਕਰਨਾ, ਭ੍ਰਿਸ਼ਟਾਚਾਰ ਹੋ ਸਕਦਾ ਹੈ।

### ਸਰਕਾਰੀ ਦਫਤਰ ਵਿੱਚ ਦੁਰਾਚਾਰ ਦਾ ਕੀ ਮਤਲਬ ਹੈ?

ਕਿਸੇ ਸਰਕਾਰੀ ਖੇਤਰ ਵਿੱਚ ਦੁਰਾਚਾਰ ਕਿਸੇ ਸਰਕਾਰੀ ਖੇਤਰ ਦੇ ਮੁਲਾਜ਼ਮ ਵਲੋਂ ਕੀਤਾ ਅਜਿਹਾ ਵਿਹਾਰ ਹੋ ਸਕਦਾ ਹੈ ਜੋ ਗੈਰਕਾਨੂੰਨੀ ਹੋਵੇ ਜਾਂ ਉਨ੍ਹਾਂ ਦੇ ਫਰਜ ਨੂੰ ਨਿਭਾਉਣ ਜਾਂ ਉਨ੍ਹਾਂ ਨੂੰ ਦਿੱਤੇ ਹੱਕਾਂ ਦੀ ਵਰਤੋਂ ਕਰਨ ਲਈ ਲਾਜ਼ਮੀ ਨੈਤਿਕ ਜਾਂ ਪੇਸ਼ੇਵਰ ਮਿਆਰਾਂ ਨੂੰ ਪੂਰਾ ਕਰਨ ਵਿੱਚ ਅਸਫਲ ਰਹਿੰਦਾ ਹੋਵੇ।

### ਪੁਲਿਸ ਦੁਰਾਚਾਰ ਤੋਂ ਕੀ ਮਤਲਬ ਹੈ?

IBAC ਵਿਕਟੋਰੀਆ ਪੁਲਿਸ (Victoria Police) ਦੇ ਕਰਮਚਾਰੀਆਂ ਵਲੋਂ ਕੀਤੇ ਵਿਆਪਕ ਦੁਰਾਚਾਰ ਬਾਰੇ ਸ਼ਿਕਾਇਤਾਂ ਤੇ ਵੀ ਕਾਰਵਾਈ ਕਰਦਾ ਹੈ, ਇਨ੍ਹਾਂ ਕਰਮਚਾਰੀਆਂ ਵਿੱਚ ਸਹੁੰ ਚੁੱਕਣ ਵਾਲੇ ਅਫਸਰ, ਭਰਤੀ ਹੋਰ ਕਰਮਚਾਰੀ, ਮੁਲਾਜ਼ਮ ਅਤੇ PSOs ਸ਼ਾਮਲ ਹਨ।

ਕਿਸੇ ਪੁਲਿਸ ਕਰਮਚਾਰੀ ਦੁਆਰਾ ਅਪਮਾਨਜਨਕ ਸਮੱਗਰੀ ਫੈਲਾਉਣਾ, ਸ਼ਰਾਬ ਪੀ ਕੇ ਗੱਡੀ ਚਲਾਉਣਾ, ਲਾੱਗ ਬੁਕ/ਰਜਿਸਟਰ ਵਿੱਚ ਝੂਠੀਆਂ ਏਨਟ੍ਰੀਜ਼ ਚੜਾਉਣਾ ਜਾਂ ਲੋੜ ਤੋਂ ਵੱਧ ਤਾਕਤ ਦੀ ਵਰਤੋਂ ਕਰਨਾ, ਦੁਰਾਚਾਰ ਹੋ ਸਕਦਾ ਹੈ।

## 2. ਭ੍ਰਿਸ਼ਟਾਚਾਰ ਦੀ ਜਾਂਚ-ਪੜਤਾਲ ਕਰਨੀ

ਕਨੂੰਨ ਮੁਤਾਬਕ, IBAC ਨੂੰ ਸਰਕਾਰੀ ਖੇਤਰ ਵਿੱਚ ਵਾਪਰੇ ਭ੍ਰਿਸ਼ਟਾਚਾਰ ਅਤੇ ਦੁਰਾਚਾਰ ਦੇ ਸੰਗੀਨ ਜਾਂ ਸੰਸਥਾਤਮਕ ਮਾਮਲੇ ਦੀ ਜਾਂਚ-ਪੜਤਾਨ ਦੇ ਕੰਮ ਨੂੰ ਤਰਜੀਹ ਦੇਣੀ ਚਾਹੀਦੀ ਹੈ। IBAC ਕਿਸੇ ਸ਼ਿਕਾਇਤ ਜਾਂ ਸੂਚਨਾ ਦੀ ਜਾਂਚ-ਪੜਤਾਲ ਕਰਨ ਦਾ ਫੈਸਲਾ ਲੈ ਸਕਦਾ ਹੈ, ਜਾਂ ਅਸੀਂ 'ਆਪਣੇ ਆਪ ਮਤਾ ਪਾਰਿਤ ਕਰਕੇ' ਜਾਂਚ-ਪੜਤਾਲ ਸ਼ੁਰੂ ਕਰ ਸਕਦੇ ਹਾਂ।

ਸਾਡੀਆਂ ਜਾਂਚ-ਪੜਤਾਲਾਂ ਤੋਂ ਇਹ ਪਤਾ ਲਗਦਾ ਹੈ ਕਿ ਕੀ ਭ੍ਰਿਸ਼ਟ ਵਿਹਾਰ ਜਾਂ ਕਿਸੇ ਪੁਲਿਸ ਕਰਚਮਾਰੀ ਵਲੋਂ ਕੀਤੀ ਦੁਰਾਚਾਰ ਦੀ ਘਟਨਾ ਵਾਪਰੀ ਹੈ ਜਾਂ ਨਹੀਂ। ਅਪਰਾਧਕ ਆਰੋਪ ਲਾਉਣੇ ਜਾਂ ਅੱਗੇ ਦੀ ਕਾਰਵਾਈ ਦਾ ਸੁਝਾਅ ਦੇਣਾ ਇਸਦੇ ਕੁੱਝ ਮੁਮਕਿਨ ਨਤੀਜੇ ਹੋ ਸਕਦੇ ਹਨ। ਹੋ ਸਕਦਾ ਹੈ ਕਿ ਅਸੀਂ ਰਿਪੋਰਟਾਂ ਵੀ ਛਾਪੀਏ ਜਾਂ ਸਿਸਟਮ ਜਾਂ ਅਭਿਆਸ ਵਿੱਚ ਸੁਧਾਰ ਕੀਤੇ ਜਾਣ ਦਾ ਸੁਝਾਅ ਦਈਏ।

### ਨਿਰੀਖਣ ਕਰਨੇ

ਨਿਰੀਖਣ ਕਰਨੇ IBAC ਦੀ ਜਾਂਚ-ਪੜਤਾਲ ਕਰਨ ਦੀ ਪ੍ਰਕ੍ਰਿਆ ਦਾ ਭਾਗ ਹਨ ਅਤੇ ਆਮ-ਤੌਰ 'ਤੇ ਇਹ ਗੁਪਤ ਰੂਪ ਵਿੱਚ ਕੀਤੇ ਜਾਂਦੇ ਹਨ। ਸਾਡਾ ਕਮੀਸ਼ਨਰ ਸਰਕਾਰੀ ਸੁਣਵਾਈ ਕਰਾਉਣਾ ਦਾ ਫੈਸਲਾ ਲੈ ਸਕਦਾ ਹੈ ਜੇਕਰ ਉਸਨੂੰ ਲਗਦਾ ਹੈ ਕਿ:

- ਸਥਿਤੀਆਂ ਅਸਧਾਰਨ ਹਨ
- ਅਜਿਹਾ ਕਰਨਾ ਲੋਕ ਹਿਤ ਵਿੱਚ ਹੈ
- ਵਿਅਕਤੀ ਦੀ ਸਾਖ, ਸੁਰੱਖਿਆ ਜਾਂ ਕਲਿਆਣ ਨੂੰ ਨੁਕਸਾਨ ਪੁੱਜਾਏ ਬਿਨਾਂ ਅਜਿਹਾ ਕੀਤਾ ਜਾ ਸਕਦਾ ਹੈ।

### IBAC ਦੇ ਹੱਕਾਂ ਦੀ ਵਰਤੋਂ ਜ਼ਿੰਮੇਵਾਰੀ ਨਾਲ ਕਰਨਾ

ਜਾਂਚ-ਪੜਤਾਲ ਦੌਰਾਨ, ਹੋ ਸਕਦਾ ਹੈ ਕਿ IBAC:

- ਦਸਤਾਵੇਜ਼ਾਂ ਅਤੇ ਦੂਜਿਆਂ ਚੀਜ਼ਾਂ ਨੂੰ ਪੇਸ਼ ਕਰਨਾ ਦਬਾਅ ਪਾਏ
- ਇਮਾਰਤ ਵਿੱਚ ਦਾਖਲ ਹੋਕੇ ਇਸਦੀ ਤਲਾਸ਼ੀ ਲਵੇ, ਦਸਤਾਵੇਜ਼ਾਂ ਅਤੇ ਚੀਜ਼ਾਂ ਨੂੰ ਜ਼ਬਤ ਕਰੇ
- ਨਿਗਰਾਨੀ ਰੱਖਣ ਸੰਬੰਧੀ ਉਪਕਰਨਾਂ ਦੀ ਵਰਤੋਂ ਕਰੇ, ਦੂਰਸੰਚਾਰ ਉਪਕਰਨਾਂ ਨੂੰ ਟੈਪ ਕਰੇ
- ਗੁਪਤ ਰੂਪ ਨਾਲ ਅਤੇ ਖੁੱਲ੍ਹੇ ਤੌਰ 'ਤੇ ਨਿਰੀਖਣ ਕਰੇ
- ਲੋਕਾਂ ਲਈ ਸੁਣਵਾਈ ਵਿੱਚ ਗਵਾਹੀ ਦੇਣਾ ਲਾਜ਼ਮੀ ਕਰੇ।

ਇਨ੍ਹਾਂ ਵਿਚੋਂ ਕੁੜ ਹੱਕਾਂ ਦੀ ਵਰਤੋਂ ਕਰਨ ਤੋਂ ਪਹਿਲਾਂ ਸਾਡੇ ਲਈ ਅਦਾਲਤ ਅਤੇ ਟ੍ਰਿਬਿਊਨਲ ਵਿੱਚ ਅਰਜ਼ੀ ਪਾਉਣੀ ਜ਼ਰੂਰੀ ਹੈ। ਅਸੀਂ ਵੱਖ-ਵੱਖ ਰਾਜ ਅਤੇ ਕਾਮਨਵੇਲਥ ਸੰਸਥਾਵਾਂ ਨੂੰ ਆਪਣੇ ਹੱਕਾਂ ਦੀ ਵਰਤੋਂ ਨਾਲ ਜੁੜਿਆਂ ਰਿਪੋਰਟਾਂ ਵੀ ਬਾਕਾਇਦਾ ਦਿੰਦੇ ਹਾਂ।

## 3. ਭ੍ਰਿਸ਼ਟਾਚਾਰ ਨੂੰ ਰੋਕਣਾ

ਸਰਕਾਰੀ ਖੇਤਰ ਵਿੱਚ ਭ੍ਰਿਸ਼ਟਾਚਾਰ ਨੂੰ ਰੋਕਣਾ ਅਤੇ ਇਹ ਯਕੀਨੀ ਬਣਾਉਣਾ ਸਾਡੀ ਸਾਰੀਆਂ ਦੀ ਜ਼ੁੰਮੇਵਾਰੀ ਹੈ ਕਿ ਸਰਕਾਰੀ ਧਨਰਾਸ਼ੀ ਉਦੇਸ਼ਾਂ ਮੁਤਾਬਕ ਖਰਚ ਕੀਤੀ ਜਾਂਦੀ ਹੈ – ਜਿਸਨਾਲ ਸਾਰੇ ਵਿਕਟੋਰੀਆਈ ਲੋਕਾਂ ਨੂੰ ਮਹੱਤਵਪੂਰਨ ਸਰਕਾਰੀ ਸੇਵਾਵਾਂ ਅਤੇ ਬੁਨਿਆਦੀ ਸੇਵਾਵਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ।

ਸਰਕਾਰੀ ਖੇਤਰ ਵਿੱਚ ਭ੍ਰਿਸ਼ਟਾਚਾਰ ਅਤੇ ਸੰਗੀਨ ਦੁਰਾਚਾਰ ਨੂੰ ਰੋਕਣਾ IBAC ਦੀ ਮੁੱਖ ਤਰਜੀਹ ਹੈ, ਇਸ ਕੰਮ ਵਿੱਚ ਪੂਰੀ ਸੰਸਥਾ ਯੋਗਦਾਨ ਪਾਉਂਦੀ ਹੈ।

IBAC ਪੂਰੇ ਰਾਜ ਦੇ ਇਕਸਾਰ ਸਿਸਟਮ ਵਿੱਚ ਸਾਡੇ ਮੁੱਖ ਭਾਗੀਦਾਰਾਂ ਨਾਲ ਮਿਲਕੇ, ਰੋਕਥਾਮ ਕਰਨ ਦੇ ਵੱਖ-ਵੱਖ ਤਰ੍ਹਾਂ ਦੇ ਅਵਰੋਧਾਂ ਦੀ ਉਸਾਰੀ ਕਰਦਾ ਹੈ, ਇਨ੍ਹਾਂ ਨੂੰ ਪ੍ਰਦਾਨ ਅਤੇ ਇਨ੍ਹਾਂ ਦਾ ਮੁਲਾਂਕਣ ਕਰਦਾ ਹੈ ਤਾਂਜੋ:

- ਭ੍ਰਿਸ਼ਟਾਚਾਰ ਅਤੇ ਸੰਗੀਨ ਦੁਰਾਚਾਰ ਦੀ ਪਛਾਣ ਕਰਨ ਅਤੇ ਇਸਦੀ ਸੂਚਨਾ ਦੇਣ ਲਈ ਵਿਅਕਤੀਆਂ ਨੂੰ ਅਧਿਕਾਰ ਦਿੱਤੇ ਜਾ ਸਕਣ
- ਭ੍ਰਿਸ਼ਟਾਚਾਰ ਅਤੇ ਦੁਰਾਚਾਰ ਦੇ ਕਾਰਗਰ ਪ੍ਰਬੰਧਾਂ ਦਾ ਨਿਰਮਾਣ ਕਰਨ ਲਈ ਸੰਸਥਾਵਾਂ ਦੀ ਮਦਦ ਕੀਤੀ ਜਾ ਸਕੇ
- ਪੱਕੇ ਅਤੇ ਸਥਿਰ ਭ੍ਰਿਸ਼ਟਾਚਾਰ-ਵਿਰੋਧੀ ਸੱਭਿਆਚਾਰ ਦਾ ਨਿਰਮਾਣ ਕਰਨ ਲਈ ਸਮਾਜਕ ਨਿਯਮਾਂ ਨੂੰ ਹੋਰ ਮਜ਼ਬੂਤ ਕੀਤਾ ਜਾ ਸਕੇ।

### ਭ੍ਰਿਸ਼ਟਾਚਾਰ ਦੇ ਪ੍ਰਭਾਵ ਨੂੰ ਸਮਝਣਾ

ਉਨ੍ਹਾਂ ਖੇਤਰਾਂ ਦੀ ਬਿਹਤਰ ਸਮਝ ਲਈ ਜਿਨ੍ਹਾਂ ਵਿੱਚ ਸ਼ੋਸ਼ਣ ਜਾਂ ਭ੍ਰਿਸ਼ਟਾਚਾਰ ਕੀਤੇ ਜਾਣ ਦਾ ਸਭ ਤੋਂ ਵੱਧ ਖਤਰਾ ਹੁੰਦਾ ਹੈ, ਅਸੀਂ ਸਿਸਟਮ ਅਤੇ ਅਭਿਆਸ ਵਿੱਚ ਸੁਧਾਰ ਕਰਨ ਦੇ ਮੌਕਿਆਂ ਨੂੰ ਖਾਸ ਤੌਰ 'ਤੇ ਦਰਸਾਉਣ ਵਾਲੇ ਮੁੱਖ ਰੁਝਾਨਾਂ ਅਤੇ ਮਾਮਲਿਆਂ, ਅਤੇ ਹੋਰ ਪ੍ਰਾਜੈਕਟਾਂ ਬਾਰੇ ਕੂਟਨੀਤਕ ਖੋਜ ਕਰਦੇ ਹਾਂ।

ਜਦਕਿ ਇਸ ਨਾਲ ਸਾਡੀਆਂ ਜਾਂਚ-ਪੜਤਾਲਾਂ ਵਿੱਚ ਮਦਦ ਮਿਲ ਸਕਦੀ ਹੈ, ਪਰ ਨਾਲ ਹੀ ਇਸ ਖੋਜ ਦੀ ਵਰਤੋਂ ਇਸਲਈ ਵੀ ਕੀਤੀ ਜਾਂਦੀ ਹੈ ਤਾਂਜੋ:

- ਭ੍ਰਿਸ਼ਟਾਚਾਰ ਅਤੇ ਇਸਦੇ ਨੁਕਸਾਨਾਂ ਬਾਰੇ ਸਮਝ ਵਿੱਚ ਸੁਧਾਰ ਕਰਨ ਲਈ ਬਰਾਦਰੀ ਅਤੇ ਸਰਕਾਰੀ ਖੇਤਰ ਨੂੰ ਸ਼ਾਮਲ ਕੀਤਾ ਜਾ ਸਕੇ
- ਭ੍ਰਿਸ਼ਟਾਚਾਰ ਬਾਰੇ ਦਿੱਤੀ ਜਾਣ ਵਾਲੀ ਸੂਚਨਾਵਾਂ ਦੀ ਸੰਖਿਆ ਵਿੱਚ ਸੁਧਾਰ ਹੋ ਸਕੇ ਅਤੇ ਇਨ੍ਹਾਂ ਸੂਚਨਾਵਾਂ ਵੱਲ ਧਿਆਨ ਦੇਣ ਲਈ ਸਰਕਾਰੀ ਖੇਤਰ ਦੀ ਸਮਰਥਾ ਦਾ ਨਿਰਮਾਣ ਕਰਨ ਵਿੱਚ ਮਦਦ ਮਿਲ ਸਕੇ
- ਸੰਸਥਾਵਾਂ ਨੂੰ ਤਾਜ਼ਾ ਅਤੇ ਖੁਫੀਆ ਜਾਣਕਾਰੀ ਬਾਰੇ ਸਤਰਕ ਕੀਤਾ ਜਾ ਸਕੇ ਤਾਂਜੋ ਉਹ ਭ੍ਰਿਸ਼ਟਾਚਾਰ ਦੇ ਖਤਰਿਆਂ ਤੋਂ ਦੋ ਕਦਮ ਅੱਗੇ ਰਹਿ ਸਕਣ।

Level 1 North Tower
459 Collins Street
Melbourne VIC 3000
GPO Box 24234
Melbourne VIC 3001

**ਟੇਲੀਫੋਨ** 1300 735 135
**ਫੈਕਸ** (03) 8635 6444

ਜਨਵਰੀ 2017

IBAC ਵਿਕਟੋਰੀਆ ਦੀ ਭ੍ਰਿਸ਼ਟਾਚਾਰ-ਵਿਰੋਧੀ ਏਜੰਸੀ ਹੈ ਜੋ ਸਰਕਾਰੀ ਖੇਤਰਾਂ ਵਿੱਚ ਭ੍ਰਿਸ਼ਟਾਚਾਰ ਅਤੇ ਪੁਲਿਸ ਵਲੋਂ ਕੀਤੇ ਦੁਰਾਚਾਰ ਨੂੰ ਰੋਕਣ ਅਤੇ ਇਸਦਾ ਪਰਦਾਫਾਸ਼ ਕਰਨ ਲਈ ਜ਼ੁੰਮੇਵਾਰ ਹੈ। ਅਸੀਂ ਹੇਠਾਂ ਦੱਸੇ ਕਦਮ ਚੁੱਕ ਕੇ ਅਜਿਹਾ ਕਰਦੇ ਹਾਂ:

- ਸੰਗੀਨ ਭ੍ਰਿਸ਼ਟਾਚਾਰ ਅਤੇ ਪੁਲਿਸ ਵਲੋਂ ਕੀਤੇ ਦੁਰਾਚਾਰ ਦੇ ਮਾਮਲਿਆਂ ਦੀ ਜਾਂਚ-ਪੜਤਾਲ ਕਰਕੇ
- ਸਰਕਾਰੀ ਖੇਤਰ, ਪੁਲਿਸ ਅਤੇ ਬਰਾਦਰੀ ਨੂੰ ਭ੍ਰਿਸ਼ਟਾਚਾਰ ਅਤੇ ਪੁਲਿਸ ਵਲੋਂ ਕੀਤੇ ਦੁਰਾਚਾਰ ਦੇ ਖਤਰਿਆਂ ਅਤੇ ਪ੍ਰਭਾਵਾਂ, ਅਤੇ ਅਜਿਹੇ ਤਰੀਕਿਆਂ ਬਾਰੇ ਦੱਸਕੇ ਜਿਨ੍ਹਾਂ ਦੀ ਵਰਤੋਂ ਨਾਲ ਇਨ੍ਹਾਂ ਨੂੰ ਰੋਕਿਆ ਜਾ ਸਕਦਾ ਹੈ।

ਇਹ ਪਤਾ ਲਗਾਉਣ ਲਈ ਕਿ ਭ੍ਰਿਸ਼ਟਾਚਾਰ ਦੀ ਸੂਚਨਾ ਕਿਵੇਂ ਦੇਣੀ ਚਾਹੀਦੀ ਹੈ, **www.ibac.vic.gov.au** ਵੇਖੋ ਜਾਂ **1300 735 135** ਤੇ ਫੋਨ ਕਰੋ।

ਜੇਕਰ ਤੁਹਾਨੂੰ ਤਰਜਮੇ ਸੰਬੰਧੀ ਮਦਦ ਦੀ ਲੋੜ ਹੈ, ਤਾਂ ਤਰਜਮਾ ਅਤੇ ਦੋਭਾਸ਼ੀਆ ਸੇਵਾ (Translating and Interpreting Service) ਨੂੰ **13 14 50** ਤੇ ਫੋਨ ਕਰੋ ਜਾਂ **www.ibac.vic.gov.au/general/accessibility/tr** ਵੇਖੋ

*ਇਹ ਪੱਤਰਾ ਕੇਵਲ ਜਾਣਕਾਰੀ ਦੇਣ ਦੇ ਉਦੇਸ਼ਾਂ ਲਈ ਹੈ ਅਤੇ ਇਸਦੀ ਵਰਤੋਂ ਕਨੂੰਨੀ ਸਲਾਹ ਦੇ ਤੌਰ 'ਤੇ ਨਹੀਂ ਕੀਤੀ ਜਾਣੀ ਚਾਹੀਦੀ ਹੈ।*